ਮਾਰਚ 22, 2020 (ਨਿਊ ਯਾਰ੍ਕ, NY) - ਅਮਰੀਕਾ ਦੇ ਵਿਚ ਤੇਜ਼ੀ ਨਾਲ ਫੈਲ ਰਹੀ ਮਹਾਂਮਾਰੀ COVID-19 ਨੂੰ ਧਿਆਨ ਵਿਚ ਰੱਖਦਿਆਂ ਹੋਈਆਂ, ਸਿੱਖ ਕੋਲਿਸ਼ਨ ਪੱਕਾ ਕਰਨਾ ਚਾਹੁੰਦੀ ਹੈ ਕਿ ਸਾਡੇ ਕਮਿਊਨਿਟੀ ਦੇ ਮੈਂਬਰਾਂ ਕੋਲ ਪਬਲਿਕ ਬੇਨੇਫਿਟਸ ਬਾਰੇ ਸਹੀ ਜਾਣਕਾਰੀ ਅਤੇ ਸਰੋਤਾਂ ਤਕ ਪਹੁੰਚ ਹੋਣ।

ਫੈਮਿਲਿਜ਼ ਫਸਟ ਕੋਰੋਨਾ ਵਾਇਰਸ ਰੀਸਪੋਂਸ ਐਕਟ (Families First Coronavirus Response Act) ਵੱਲੋਂ ਆਣ ਵਾਲੇ ਐਮਰਜੈਂਸੀ ਬੈਨੇਫਿਟਸ ਦੀ ਜਾਣਕਾਰੀ ਅਸੀਂ ਪਹਿਲਾਂ ਦੇ ਚੁੱਕੇ ਹਾਂ। ਉਸ ਤੋਂ ਇਲਾਵਾ ਅਸੀਂ ਹੁਣ ਹੋਰ ਫ਼ੈਡਰਲ ਅਤੇ ਸਟੇਟ ਵਲੋਂ ਆ ਰਹੇ ਸਰੋਤਾਂ ਅਤੇ ਪਬਲਿਕ ਬੈਨੇਫਿਟਸ ਦੀ ਜਾਣਕਾਰੀ ਸਿੱਖ ਪਰਿਵਾਰਾਂ ਨਾਲ ਸਾਂਝੀ ਕਰਨੀ ਚਾਹੁੰਦੇ ਹਾਂ। ਇਹਨਾਂ ਸਰੋਤਾਂ ਵਿਚ ਅਮਰੀਕਾ ਦੀਆਂ 50 ਸਟੇਟਾਂ ਦੇ ਬੇਰੋਜ਼ਗਾਰੀ, ਮੇਡੀਕੇਡ ਅਤੇ ਵੈਲ-ਫੇਯਰ ਪ੍ਰੋਗਰਾਮਾਂ ਬਾਰੇ ਜਾਣਕਾਰੀ ਸ਼ਾਮਿਲ ਹੈ।

ਅਸੀਂ ਸਮਝਦੇ ਹਾਂ ਕਿ ਇਸ ਸਮੇਂ ਕਈ ਸਟੇਟ ਏਜਨਸੀਆਂ ਅਸਥਾਈ ਤੌਰ ਤੇ ਬੰਦ ਹੋਣ, ਅਤੇ ਮੁਮਕਿਨ ਹੈ ਕਿ ਉਹਨਾਂ ਦੇ ਸਟਾਫ਼ ਦੇ ਮੈਂਮਬਰ ਆਪਣੇ ਘਰੋਂ ਕੰਮ ਕਰਨ ਦੀ ਸਮਰਥਤਾ ਨਾਂ ਰੱਖਦੇ ਹੋਣ। ਜੇ ਏਦਾਂ ਦਾ ਕੁਛ ਹੁੰਦਾ ਹੈ ਤਾਂ ਹੋ ਸਕਦਾ ਹੈ ਤੁਹਾਡੀਆਂ ਅਰਜ਼ੀਆਂ ਦੇ ਜਵਾਬ ਆਣ ਵਿਚ ਦੇਰੀ ਹੋਵੇ। ਇਹ ਜ਼ਰੂਰੀ ਹੈ ਕਿ ਤੁਸੀਂ ਧਿਆਨ ਵਿਚ ਰੱਖੋ ਕਿ ਹਾਲਾਤ ਬਹੁਤ ਤੇਜ਼ੀ ਨਾਲ ਬਦਲ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਨਵੀਂ ਅਤੇ ਤਾਜ਼ਾ ਜਾਣਕਾਰੀ ਲਈ ਤੁਸੀਂ ਸਟੇਟ ਅਤੇ ਫੈਡਰਲ ਬੇਨੇਫਿਟਸ ਦੇ ਦਸਤਾਵੇਜ਼ਾਂ ਨੂੰ ਨਿਯਮਿਤ ਤੌਰ ਤੇ ਚੈੱਕ ਕਰਦੇ ਰਹੋ। ਅਸੀਂ ਇਹਨਾਂ ਦਸਤਾਵੇਜ਼ਾਂ ਵਿਚ ਨਵੀਂ ਜਾਣਕਾਰੀ ਭਰਦੇ ਰਹਾਂਗੇ ਅਤੇ ਤੁਹਾਡੇ ਨਾਲ ਸਾਂਝੇ ਕਰਦੇ ਰਹਾਂਗੇ। ਇਸ ਦੇ ਨਾਲ ਨਾਲ ਹੋਰ ਸੇਵਾਵਾਂ ਦੀ ਜਾਣਕਾਰੀ ਲਈ ਤੁਹਾਨੂੰ ਆਪਣੀ ਲੋਕਲ ਸਰਕਾਰ ਦੀ ਵੈਬਸਾਈਟ ਵੀ ਚੈੱਕ ਕਰਦੇ ਰਹਿਣਾ ਚਾਹੀਦਾ ਹੈ।

ਇਸ ਕ਼ਾਨੂਨ ਦੇ ਮੁਤਾਬਿਕ ਜੋ ਲੋਕ ਅਮਰੀਕਾ ਦੇ ਨਾਗਰਿਕ (citizen) ਨਹੀਂ ਹਨ, ਉਹ ਵੀ ਕੁਛ ਐਮਰਜੇਂਸੀ ਲਾਭ ਦੇ ਹੱਕਦਾਰ ਹਨ, ਖਾਸ ਤੌਰ ਤੇ COVID-19 ਲਈ ਡਾਕਟਰੀ ਦੇਖਭਾਲ। ਇਸਦੇ ਬਾਵਜੂਦ, ਤੁਹਾਨੂੰ ਇਹ ਜਾਨਣਾ ਚਾਹੀਦਾ ਹੈ ਕਿ ਫੈਮਿਲਿਜ਼ ਫ਼ਸਟ ਐਕਟ ਤੋਂ ਇਲਾਵਾ ਬਾਕੀ ਫੈਡਰਲ ਬੇਨੇਫਿਟ ਲੈਣ ਦਾ ਅਸਰ ਤੁਹਾਡੀ ਅਗਲੀ ਵੀਸਾ ਜਾਂ ਨਾਗਰਿਕਤਾ ਦੀ ਅਰਜ਼ੀ ਤੇ ਕਿਵੇਂ ਪੈ ਸਕਦਾ ਹੈ। U.S. Citizenship and Immigration Services (USCIS) ਨੇ ਪਬਲਿਕ ਚਾਰਜ ਰੂਲ ਤੇ ਕੁਛ ਜਾਣਕਾਰੀ ਜਾਰੀ ਕਿੱਤੀ ਹੈ ਅਤੇ ਇਹ ਕਹਿਆ ਹੈ। ਇਸ ਸਮੇਂ ਤੇ ਇਹ ਸਾਫ਼ ਨਹੀਂ ਹੈ ਕਿ ਪਬਲਿਕ ਚਾਰਜ ਰੂਲ ਤੇ ਕਿਸੇ ਤਰਾਂਹ ਦੀ ਰੋਕ ਲਾਇ ਜਾਏਗੀ ਜਾਂ ਨਹੀਂ। ਅਸੀਂ ਸਲਾਹ ਦੇਂਦੇ ਹਾਂ ਕਿ ਜੇ ਤੁਸੀਂ ਸਿਟੀਜ਼ਨ ਨਹੀਂ ਹੋ ਤਾਂ ਇਕ ਵਾਰ ਆਪਣੇ ਇਮੀਗ੍ਰੇਸ਼ਨ ਵਕੀਲ ਜਾਂ ਪਬਲਿਕ ਸਹਾਇਤਾ ਪ੍ਰੋਗਰਾਮ ਜੋ ਕਿ ਤੁਹਾਨੂੰ ਸਲਾਹ ਦੇ ਸਕਦੇ ਹਨ ਕਿ ਤੁਸੀਂ ਕਿੰਨਾ ਲਾਭਾਂ ਦੇ ਯੋਗ ਹੋ ਅਤੇ ਉਹ ਤੁਹਾਡੇ ਇਮੀਗ੍ਰੇਸ਼ਨ ਸਥਿਤੀ ਤੇ ਕਿ ਪ੍ਰਭਾਵ ਪਾ ਸਕਦੇ ਹਨ।

ਸਿੱਖ ਕੋਲਿਸ਼ਨ ਇਸ ਗੱਲ ਨੂੰ ਸਮਝਦੀ ਹੈ ਕਿ ਲੱਖਾਂ ਅਮਰੀਕਨ ਪਰਿਵਾਰ, ਜਿਸ ਵਿਚ ਸਿੱਖ ਅਮਰੀਕਨ ਪਰਿਵਾਰ ਵੀ ਸ਼ਾਮਿਲ ਹਨ COVID-19 ਕਰਕੇ ਵਿੱਤੀ ਤੌਰ ਤੇ ਪ੍ਰਭਾਵਿਤ ਹੋਏ ਹਨ। ਸਿੱਖਾਂ ਦੇ ਸਿਵਲ ਹੱਕਾਂ ਲਈ ਲੱੜਨ ਵਾਲੀ ਇਕ ਸੰਸਥਾ ਹੋਣ ਦੇ ਬਾਵਜੂਦ ਅਸੀਂ ਆਪਣੀ ਜੱਥੇਬੰਦੀ ਦੀਆਂ ਕੁਝ ਤਰਜੀਹਾਂ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਹਾਂ, ਨਾਲ ਹੀ ਅਸੀਂ ਦੂੱਜੀਆਂ ਜਥੇਬੰਦੀਆਂ ਨਾਲ ਰੱਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਅਸੀਂ ਇਹਨਾਂ ਮੁਸ਼ਕਿਲ ਚੁਣੌਤੀਆਂ ਦਾ ਸਹੀ ਢੰਗ ਨਾਲ ਮੁਕਾਬਲਾ ਕਰ ਸਕੀਏ ਜੋ ਕਿ ਸਾਡੇ ਦੇਸ਼ ਤੇ ਆਣ ਪਈਆਂ ਹਨ। ਕਿਰਪਾ ਕਰਕੇ ਅਗਲੇ ਦਿਨਾਂ ਵਿੱਚ ਸਾਡੀ ਟੀਮ ਤੋਂ ਹੋਰ COVID-19 ਨਾਲ ਸਬੰਧਿਤ ਸਰੋਤਾਂ ਦੀ ਉਮੀਦ ਕਰੋ, ਜਿਸ ਵਿੱਚ COVID-19 ਫੈਡਰਲ ਐਮਰਜੈਂਸੀ ਫੰਡਾਂ ਅਤੇ ਕਾਨੂੰਨ ਦੇ ਲਾਗੂ ਹੋਣ ਤੇ ਅਪਡੇਟ ਅਤੇ ਵਾਧੂ ਜਾਣਕਾਰੀ ਸ਼ਾਮਲ ਹੋਣਗੇ।